**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ:0172- 2623207, 2620106**
**ਫੈਕਸ:0172-2624687 ਈ-ਮੇਲssapunjab@yahoo.com**

---

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ),
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ/2010/45258
ਮਿਤੀ ਚੰਡੀਗੜ੍ਹ 06.07.2010

**ਵਿਸ਼ਾ:- ਸਿੱਖਿਆ ਅੰਦਰ ਗੁਣਵੱਤਾ ਸੁਧਾਰ ਪੱਖੋਂ ਮੁਨੀਟਰਿੰਗ ਤੇ ਜ਼ੋਰ ਦੇਣ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਇਮਰੀ ਸਕੂਲ ਸਿੱਖਿਆ ਅੰਦਰ ਗੁਣਵੱਤਾ ਦੇ ਸੁਧਾਰ ਪੱਖੋਂ ਵਿਸ਼ੇਸ਼ ਯਤਨ ਪ੍ਰਾਰੰਭ ਕੀਤੇ ਗਏ ਹਨ।ਇਸ ਸਬੰਧੀ ਪੜ੍ਹੋ ਪੰਜਾਬ ਪ੍ਰੋਗਰਾਮ ਬੱਚੇ ਦੇ ਸਿੱਖਣ ਪੱਧਰ ਨੂੰ ਉੱਚਾ ਚੁੱਕਣ ਲਈ ਚਲਾਇਆ ਗਿਆ ਹੈ ਪਰ ਵੱਖ-ਵੱਖ ਜ਼ਿਲ੍ਹਿਆਂ ਦੇ ਨਿਰੀਖਣ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੁਆਰਾ ਸਕੂਲਾਂ ਦੀ ਲਗਾਤਾਰ ਮੁਨੀਟਰਿੰਗ ਨਹੀਂ ਕੀਤੀ ਜਾ ਰਹੀ ਅਤੇ ਸਿੱਖਿਆ ਦੇ ਸੁਧਾਰ ਪੱਖੋਂ ਕੀਤੇ ਜਾਣ ਵਾਲੇ ਕੰਮਾਂ ਬਾਰੇ ਅਧਿਆਪਕਾਂ ਨੂੰ ਪ੍ਰੇਰਿਤ ਨਹੀਂ ਕੀਤਾ ਜਾ ਰਿਹਾ। ਵੱਖ-ਵੱਖ ਜ਼ਿਲ੍ਹਿਆਂ ਦੇ ਨਿਰੀਖਣ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ:

(ੳ) ਸਕੂਲਾਂ ਅੰਦਰ ਬੱਚਿਆਂ ਦੀ ਹਾਜ਼ਰੀ ਬਹੁਤ ਘੱਟ ਹੈ। ਇਸ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਅਧਿਆਪਕਾਂ ਨੂੰ ਹਦਾਇਤਾਂ ਕਰਨ ਕੇ ਬੱਚਿਆਂ ਦੀ ਹਾਜ਼ਰੀ ਵਧਾਉਣ ਲਈ ਅਧਿਆਪਕ ਬੱਚਿਆਂ ਦੇ ਮਾਪਿਆਂ ਨਾਲ ਸੰਪਰਕ ਕਰਨ । ਇਸ ਤੋਂ ਇਲਾਵਾ ਪਿੰਡ ਦੇ ਗੁਰਦੁਆਰੇ, ਮੰਦਰ ਜਾਂ ਹੋਰ ਧਾਰਮਿਕ ਸਥਾਨਾਂ ਰਾਹੀਂ ਬੱਚਿਆਂ ਦੇ ਮਾਪਿਆਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਸਕੂਲਾਂ ਅੰਦਰ ਬੱਚਿਆਂ ਦੀ ਪੜ੍ਹਾਈ ਪੂਰੇ ਜ਼ੋਰ ਸ਼ੋਰ ਨਾਲ ਚੱਲ ਰਹੀ ਹੈ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਸਕੂਲਾਂ ਅੰਦਰ ਭੇਜਣ।

(ਅ) ਸਕੂਲਾਂ ਅੰਦਰ ਸਵੇਰ ਦੀ ਸਭਾ ਮੁੱਖ ਦਫ਼ਤਰ ਵੱਲੋਂ ਪਹਿਲਾਂ ਦਿੱਤੀ ਗਈ ਟ੍ਰੇਨਿੰਗ ਅਨੁਸਾਰ ਕਰਵਾਈ ਜਾਵੇ ਅਤੇ ਸਕੂਲ ਅੰਦਰ ਸਵੇਰ ਦੀ ਸਭਾ ਬਾਰੇ ਸਪੈਸ਼ਲ ਨਿਰੀਖਣ ਕੀਤਾ ਜਾਵੇ।

(ੲ) ਪੜ੍ਹੋ ਪੰਜਾਬ ਤਹਿਤ ਸਕੂਲਾਂ ਅੰਦਰ ਮਹਿਲਾਂ ਦੀ ਵੰਡ ਸਹੀ ਨਹੀਂ ਹੈ। ਇਸ ਪੱਖੋਂ ਸੀ.ਐਮ.ਟੀ/ਬੀ.ਐਮ.ਟੀ. ਅਤੇ ਜ਼ਿਲ੍ਹਾ ਕੋਆਰਡੀਨੇਟਰ ਨਾਲ ਵਿਸ਼ੇਸ਼ ਮੀਟਿੰਗਾਂ ਕਰਕੇ ਸਾਰੇ ਸਕੂਲਾਂ ਅੰਦਰ ਬੱਚਿਆਂ ਦੀ ਮਹਿਲ ਵੰਡ ਨੂੰ ਦਰੁਸਤ ਕੀਤਾ ਜਾਵੇ ਅਤੇ ਹਰੇਕ ਸਕੂਲ ਅੰਦਰ ਮਹਿਲ ਅਨੁਸਾਰ ਕੰਮ ਕਰਵਾਇਆ ਜਾਵੇ।

(ਸ) ਚੌਥੀ ਅਤੇ ਪੰਜਵੀਂ ਜਮਾਤ ਨੂੰ ਇਸ ਵਾਰ ਪਾਠਕ੍ਰਮ ਮਹਿਲ ਨਾਲ ਜੋੜਿਆ ਗਿਆ ਹੈ ਅਤੇ ਹਰੇਕ ਮਹੀਨੇ ਕੀਤੇ ਜਾਣ ਵਾਲੇ ਪਾਠਕ੍ਰਮ ਦਾ ਕੰਮ ਬੱਚੇ ਨੂੰ ਮੁਕੰਮਲ ਕਰਵਾਉਣਾ ਜ਼ਰੂਰੀ ਹੈ।

(ਹ) ਸਾਲ 2010-11 ਲਈ ਨਿਰਧਾਰਤ ਨਵੇਂ ਟੀਚਿਆਂ ਅਨੁਸਾਰ ਸਖ਼ਤ ਮਿਹਨਤ ਕਰਵਾਈ ਜਾਵੇ ਜਿਹੜੇ ਬੱਚੇ ਟੀਚਿਆਂ ਤੋਂ ਪਿੱਛੇ ਹਨ ਉਹਨਾਂ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਉਹਨਾਂ ਨੂੰ ਨਵੇਂ ਟੀਚਿਆਂ ਨਾਲ ਜੋੜਿਆ ਜਾਵੇ।

(ਕ) ਬੱਚਿਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਪੜ੍ਹੋ ਪੰਜਾਬ ਤਕਨੀਕ ਨਾਲ ਕਰਵਾਈ ਜਾਵੇ।

**ਚੱਲਦਾ ਪੰਨਾ ਨੰ. 02**

(ਖ) ਰੀਡਿੰਗ ਸੈੱਲ ਵਿਚ ਭੇਜੀਆਂ ਗਈਆਂ ਕਿਤਾਬਾਂ ਅਧਿਆਪਕ ਲੰਮੇ ਸਮੇਂ ਲਈ ਜਾਰੀ ਕਰ ਦਿੰਦੇ ਹਨ ਅਤੇ ਇਹਨਾਂ ਦੀ ਕੋਈ ਲਗਾਤਾਰ ਮੁਨੀਟਰਿੰਗ ਨਹੀਂ ਕੀਤੀ ਜਾਂਦੀ। ਇਸ ਪੱਖੋਂ ਵੀ ਅਧਿਆਪਕਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਕੋਈ ਵੀ ਅਧਿਆਪਕ ਬੱਚੇ ਨੂੰ ਇਸ ਤਰ੍ਹਾਂ ਕਿਤਾਬਾਂ ਜਾਰੀ ਨਹੀਂ ਕਰੇਗਾ ਬਲਕਿ ਅਧਿਆਪਕ ਕਿਤਾਬਾਂ ਜਾਰੀ ਕਰਨ ਤੋਂ ਬਾਅਦ ਇਹਨਾਂ ਦੀ ਪੁੱਛ-ਪੜਤਾਲ ਕਰੇ ਕਿ ਬੱਚਾ ਕੀ ਪੜ੍ਹ ਕੇ ਆਇਆ ਹੈ। ਵੱਧ ਕਿਤਾਬਾਂ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਨਾਂ ਅਧਿਆਪਕ ਸਕੂਲ ਦੇ ਬਲੈਕ ਬੋਰਡ ਤੇ ਲਿਖੇ ਤਾਂ ਜੋ ਬੱਚੇ ਇਸ ਤੋਂ ਪ੍ਰੇਰਿਤ ਹੋ ਕੇ ਜ਼ਿਆਦਾ ਕਿਤਾਬਾਂ ਪੜ੍ਹ ਸਕਣ।

(ਗ) ਅਧਿਆਪਕ ਡਾਇਰੀ ਸਬੰਧੀ ਅਧਿਆਪਕਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਉਹ ਜਮਾਤ ਵਿਚ ਕਰਵਾਏ ਗਏ ਕੰਮ ਬਾਰੇ ਡਾਇਰੀ ਵਿਚ ਵਿਸਥਾਰ ਸਹਿਤ ਲਿਖਣ।

(ਘ) ਸ਼ਨਿੱਚਰਵਾਰ ਸਕੂਲਾਂ ਅੰਦਰ ਕਰਵਾਈ ਜਾਣ ਵਾਲੀ ਬਾਲ ਸਭਾ ਨੂੰ ਯਕੀਨੀ ਬਣਾਇਆ ਜਾਵੇ।

(ਙ) ਅਧਿਆਪਕਾਂ ਦੁਆਰਾ ਐਸ.ਐਸ.ਏ. ਵੱਲੋਂ ਜਾਰੀ ਕੀਤੀ ਗਈ ਟੀ.ਐਲ.ਐਮ. ਰਾਸ਼ੀ ਨੂੰ ਵਰਤਿਆ ਨਹੀਂ ਜਾ ਰਿਹਾ ਅਤੇ ਨਾ ਹੀ ਪਾਠਕ੍ਰਮ ਅਨੁਸਾਰ ਅਧਿਆਪਕਾਂ ਦੁਆਰਾ ਟੀ.ਐਲ.ਐਮ. ਤਿਆਰ ਕੀਤੀ ਜਾ ਰਹੀ ਹੈ। ਇਸ ਸਬੰਧੀ ਦਫ਼ਤਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਅਧਿਆਪਕਾਂ ਵੱਲੋਂ ਪਾਠਕ੍ਰਮ ਅਨੁਸਾਰ ਟੀ.ਐਲ.ਐਮ. ਤਿਆਰ ਕਰਕੇ ਬੱਚਿਆਂ ਨੂੰ ਪੜ੍ਹਾਉਣ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇ।

(ਚ) ਜਿੰਨ੍ਹਾਂ ਸਕੂਲਾਂ ਦੇ ਬਲੈਕ ਬੋਰਡ ਮੁਰੰਮਤ ਕਰਵਾਉਣ ਵਾਲੇ ਜਾਂ ਰੰਗ-ਰੋਗਣ ਹੋਣ ਵਾਲੇ ਹਨ ਉਹਨਾਂ ਨੂੰ ਤੁਰੰਤ ਵਰਤੋਂ ਯੋਗ ਬਣਾਇਆ ਜਾਵੇ।

(ਛ) ਸਕੂਲਾਂ ਅੰਦਰ ਪੰਜਾਬ, ਭਾਰਤ ਅਤੇ ਜ਼ਿਲ੍ਹੇ ਦਾ ਨਕਸ਼ਾ, ਰਾਸ਼ਟਰੀ ਗਾਣ ਜ਼ਰੂਰ ਲਿਖਿਆ ਹੋਵੇ।

3.0 ਹੁਕਮਾਂ ਦੀ ਇੰਨ ਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ/45259 ਮਿਤੀ 06.07.2010

ਉਤਾਰਾ (1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ।

(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**